# MoU signed with UK varsity on academic research projects

TRIBUNE NEWS SERVICE

AMRITSAR, OCTOBER 16

Guru Nanak Dev University and the University of Wolverhampton, England, have entered into an agreement to provide more opportunities for faculty members and students to pursue academic research projects, faculty-student exchange programmes and to explore career opportunities in England. The MoU was inked by Prof Jaspal Singh Sandhu, Vice-Chancellor, GNDU, and Tim Steele, Pro-Vice-Chancellor of the University of Wolverhampton.

Speaking about the partnership, Prof Sandhu said, "It's a proud moment for us to collaborate with the University of Wolverhampton for strong Indo-UK partnership. Our university has been a leading "Category-I" university in India. With India being projected to become an economic superpower in next couple of decades owing to its rich demographic dividend, the requirement of quality education provider in India is also on a tremendous rise.

> "It's a proud moment for us to collaborate with the University of Wolverhampton for strong Indo-UK partnership. Our university has been a leading "Category-I" university in India"
>
> Jaspal Singh Sandhu, VICE-CHANCELLOR, GNDU

With this in mind, the GNDU has also been constantly updating and improving its quality education and research for the youth of the country and ever-changing industry requirements. The tie-up with the UK varsity is another milestone which GNDU has achieved on its journey to become the torchbearer for Skill India Mission. The University of Wolverhampton has been providing quality education for the past 180 years and with this partnership we now hope to bring these internationally acclaimed and accepted programmes to our campus."

Prof Steele, in his message, said, "India is one of their biggest global partners and this agreement will further strengthen our ties with the country. This partnership will focus on developing new business whilst enhancing the student and staff experience with exchange trips and research collaborations. We are happy to sign MoU with GNDU and look forward to a long and fruitful collaboration with its different departments". Prof Steele also applauded the efforts of GNDU's industry linkage cell.

Dr Preet Mohinder Singh Bedi, coordinator, university-industry linkage programme, said the MoU would mutually benefit the two centres of higher education. He said the motive of this MoU was to cooperate on the development and articulation of academic programming and development of other mutually beneficial programmes such as organising joint conferences, workshops, seminars, exchange of scholarly information, particularly with regard to Punjabi and Sikh studies and undertaking joint research projects.

# ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵੁਲਵਰਹੈਂਪਟਨ ਯੂਨੀਵਰਸਿਟੀ ਵਿਚਕਾਰ ਸਮਝੌਤਾ

## ਅਕਾਦਮਿਕ ਖੋਜ ਪ੍ਰਾਜੈਕਟ; ਫੈਕਲਟੀ-ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਅਤੇ ਇੰਗਲੈਂਡ ਵਿੱਚ ਵਿਦਿਆਰਥੀ-ਕੈਰੀਅਰ ਦੇ ਵਧਣਗੇ ਮੌਕੇ

ਮਹਿਤਾ/ ਅੰਮ੍ਰਿਤਸਰ 16 ਅਕਤੂਬਰ (ਨਿਰਪੱਖ ਕਲਮ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵਲਵਰਹੈਂਪਟਨ ਯੂਨੀਵਰਸਿਟੀ, ਇੰਗਲੈਂਡ ਵਿਚਕਾਰ ਅੱਜ ਇਕ ਅਹਿਮ ਸਮਝੌਤਾ ਹੋਇਆ ਜਿਸ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਕਾਦਮਿਕ ਖੋਜ ਪ੍ਰਾਜੈਕਟਾਂ ਨੂੰ ਹੋਰ ਅੱਗੇ ਵਧਾਉਣ ਲਈ ਵਧੇਰੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਸਮਝੌਤੇ ਅਧੀਨ ਅਕਾਦਮਿਕਤਾ ਅਤੇ ਖੋਜ ਤੋਂ ਇਲਾਵਾ ਫੈਕਲਟੀ-ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਅਤੇ ਇੰਗਲੈਂਡ ਵਿੱਚ ਵਿਦਿਆਰਥੀਆਂ ਦੇ ਕੈਰੀਅਰ ਦੇ ਮੌਕਿਆਂ ਨੂੰ ਹੋਰ ਉਤਸ਼ਾਹ ਮਿਲੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਜਸਪਾਲ ਸਿੰਘ ਸੰਧੂ ਵੁਲਵਰਹੈਂਪਟਨ ਯੂਨੀਵਰਸਿਟੀ ਦੇ ਪ੍ਰੋ-ਵਾਈਸ-ਚਾਂਸਲਰ, ਟਿਮ ਸਟੀਲ ਨੇ ਇਹ ਸਮਝੌਤਾ ਕੀਤਾ।

ਪ੍ਰੋਫੈਸਰ ਸੰਧੂ ਨੇ ਇਹ ਅਕਾਦਮਿਕ ਸਾਂਝੇਦਾਰੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ -ਬ੍ਰਿਟੇਨ ਦੀ ਮਜਬੂਤ ਸਾਂਝੇਦਾਰੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵੁਲਵਰਹੈਂਪਟਨ ਯੂਨੀਵਰਸਿਟੀ ਇੰਗਲੈਂਡ ਵਿਚਕਾਰ ਇਹ ਸਮਝੌਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਰਤ ਵਿਚ ਇਕ ਪ੍ਰਮੁੱਖ "ਸ਼੍ਰੇਣੀ -1" ਯੂਨੀਵਰਸਿਟੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਅਗਲੇ ਦਹਾਕਿਆਂ ਵਿਚ ਆਰਥਿਕ ਮਹਾਂਸਕਤੀ ਬਣਨ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ ਅਤੇ ਭਾਰਤ ਵਿਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਜ਼ਰੂਰਤ ਵਿਚ ਵੀ ਵਾਧਾ ਹੋ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਇਸ ਨੂੰ ਧਿਆਨ ਵਿਚ ਰੱਖਦਿਆਂ ਸਮੇਂ ਦੀ ਲੋੜ ਤੇ ਬਦਲਾਅ ਅਤੇ ਉਦਯੋਗ ਦੀ ਬਦਲ ਰਹੀ ਮੰਗ ਅਨੁਸਾਰ ਦੇਸ਼ ਦੇ ਨੌਜਵਾਨਾਂ ਨੂੰ ਮਿਆਰੀ ਸਿਖਿਆ ਉਪਲਬਧ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਵੁਲਵਰਹੈਂਪਟਨ ਯੂਨੀਵਰਸਿਟੀ ਨਾਲ ਇਹ ਸਮਝੌਤਾ ਸਕਿਲ ਇੰਡੀਆ ਮਿਸ਼ਨ ਦੀ ਸਫਲਤਾ ਹਿਤ ਇਕ ਹੋਰ ਮੀਲ ਪੱਥਰ ਹੈ। ਉਨ੍ਹਾਂ ਕਿਹਾ ਕਿ ਵੁਲਵਰਹੈਂਪਟਨ ਯੂਨੀਵਰਸਿਟੀ ਪਿਛਲੇ 180 ਸਾਲਾਂ ਤੋਂ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ ਅਤੇ ਇਸ ਸਾਂਝੇਦਾਰੀ ਦੇ ਨਾਲ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਨਿਤ ਪ੍ਰੋਗਰਾਮਾਂ ਨੂੰ ਸਾਡੇ ਕੈਂਪਸ ਵਿੱਚ ਲਿਆਉਣਗੇ। ਇਹ ਸਹਿਯੋਗ ਸਾਡੇ ਸਥਾਨਕ ਭਾਈਚਾਰੇ ਨੂੰ ਵਿਸ਼ਵ ਸਿੱਖਿਆ ਤਕ ਪਹੁੰਚਣ ਲਈ ਮੌਕਾ ਪ੍ਰਦਾਨ ਕਰੇਗਾ ਜਿਸ ਨਾਲ ਉਨ੍ਹਾਂ ਨੂੰ ਵਿਸਵ ਪੱਧਰ ਤੇ ਮੁਕਾਬਲੇ ਵਿਚ ਹਿੱਸਾ ਲੈਣ ਲਈ ਮੌਕੇ ਮਿਲੇਗਾ।

ਪ੍ਰੋਫੈਸਰ ਸਟੀਲੇ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਭਾਰਤ ਉਨ੍ਹਾਂ ਦਾ ਸਭ ਤੋਂ ਵੱਡਾ ਵਿਸਵਵਿਆਪੀ ਭਾਈਵਾਲ ਹੈ ਅਤੇ ਇਹ ਸਮਝੌਤਾ ਦੇਸ਼ ਨਾਲ ਸਾਡੇ ਸਬੰਧਾਂ ਨੂੰ ਹੋਰ ਮਜਬੂਤ ਕਰੇਗਾ। ਉਨ੍ਹਾਂ ਕਿਹਾ ਕਿ ਇਹ ਸਾਂਝੇਦਾਰੀ ਨਵੇਂ ਕਾਰੋਬਾਰਾਂ ਨੂੰ ਵਿਕਸਤ ਕਰਨ ਵਿਚ ਮਦਦ ਕਰੇਗੀ ਅਤੇ ਫੈਕਲਟੀ-ਵਿਦਿਆਰਥੀ ਅਨੁਭਵ ਅਤੇ ਐਕਸਚੇਂਜ ਪ੍ਰੋਗਰਾਮ ਅਤੇ ਖੋਜ ਸਹਿਯੋਗ ਵਿਚ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਅਸੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਮਝੌਤਾ ਕਰਨ ਅਤੇ ਇਸ ਦੇ ਵੱਖ-ਵੱਖ ਵਿਭਾਗਾਂ ਦੇ ਨਾਲ ਲੰਬੇ ਅਤੇ ਲਾਭਦਾਇਕ ਸਹਿਯੋਗ ਲਈ ਖੁਸ਼ੀ ਮਹਿਸੂਸ ਕਰ ਰਹੇ ਹਾਂ। ਪ੍ਰੋਫੈਸਰ ਸਟੀਲੇ ਨੇ ਯੂਨੀਵਰਸਿਟੀ ਦੇ ਯੂਨੀਵਰਸਿਟੀ-ਇੰਡਸਟਰੀ ਲਿੰਕੇਜ ਸੈੱਲ ਦੇ ਯਤਨਾਂ ਦੀ ਵੀ ਸਲਾਘਾ ਕੀਤੀ।

ਯੂਨੀਵਰਸਿਟੀ ਇੰਡਸਟਰੀ ਲਿੰਕੇਜ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ ਨੇ ਕਿਹਾ ਕਿ ਇਸ ਸਮਝੌਤੇ ਨਾਲ ਉੱਚ ਸਿੱਖਿਆ ਦੀਆਂ ਦੋਵਾਂ ਸੰਸਥਾਵਾਂ ਨੂੰ ਆਪਸੀ ਤੌਰ 'ਤੇ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਅਧੀਨ ਅਕਾਦਮਿਕ ਪ੍ਰੋਗਰਾਮਾਂ ਦੇ ਵਿਕਾਸ ਅਤੇ ਖਾਸ ਤੌਰ 'ਤੇ ਪੰਜਾਬੀ ਅਤੇ ਸਿੱਖ ਅਧਿਐਨ ਦੇ ਸਬੰਧ ਵਿੱਚ ਹੋਰ ਪ੍ਰੋਗਰਾਮਾਂ ਜਿਵੇਂ ਕਾਨਫਰੰਸ, ਵਰਕਸ਼ਾਪ, ਸੈਮੀਨਾਰ, ਵਿਦਿਅਕ ਭਾਸ਼ਣ ਦਾ ਆਦਾਨ-ਪ੍ਰਦਾਨ ਦੇ ਵਿਕਾਸ ਵਿੱਚ ਆਪਸੀ ਸਹਿਯੋਗ ਕਰਨ ਤੋਂ ਇਲਾਵਾ ਅਤੇ ਸਾਂਝੇ ਤੌਰ 'ਤੇ ਖੋਜ ਪ੍ਰੋਜੈਕਟ ਸ਼ੁਰੂ ਕਰਨੇ ਸ਼ਾਮਿਲ ਹਨ। ਡਾ. ਬੇਦੀ ਨੇ ਇਹ ਵੀ ਦੱਸਿਆ ਕਿ ਵੁਲਵਰਹੈਂਪਟਨ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋਫੈਸਰ ਲੇਅਰ ਅਤੇ ਡਾ. ਉਪਿੰਦਰਜੀਤ ਤੱਖਰ ਦੇ ਡਾਇਰੈਕਟਰ ਸੈਂਟਰ ਫਾਰ ਸਿੱਖ ਐਂਡ ਪੰਜਾਬੀ ਸਟੱਡੀਜ, ਯੂ.ਕੇ. ਨੇ ਫਰਵਰੀ ਮਹੀਨੇ ਵਿੱਚ ਵਾਈਸ ਚਾਂਸਲਰ ਪ੍ਰੋ. ਸੰਧੂ ਨਾਲ ਮੁਲਾਕਾਤ ਕੀਤੀ ਸੀ ਅਤੇ ਇਸ ਮੁਲਾਕਾਤ ਦੌਰਾਨ ਹੀ ਉਨ੍ਹਾਂ ਨੇ ਦੋਵਾਂ ਯੂਨੀਵਰਸਿਟੀਆਂ ਵਿਚਾਲੇ ਇਸ ਸਹਿਯੋਗ ਦਾ ਪ੍ਰਸਤਾਵ ਪੇਸ਼ ਕੀਤਾ ਸੀ ਜਿਸ ਸਬੰਧੀ ਹੁਣ ਕਾਰਜ ਪੂਰਨ ਹੋਇਆ ਹੈ।

## अकादमिक खोज प्रोजैक्ट, फैकेल्टी-विधार्थी एक्सचेंज प्रोग्राम व इंग्लैंड में स्टूडैंट्स कैरियर के बढ़ेंगे मौके

# जी.एन.डी.यू. और वुलवरहैंपटन यूनिवर्सिटी में समझौता

अमृतसर, 16 अक्तूबर (अनिल) : गुरु नानक देव यूनिवर्सिटी व वलवरहैंपटन यूनिवर्सिटी, इंग्लैंड में आज एक अहम समझौता हुआ जिसके तहत गुरु नानक देव यूनिवर्सिटी के विद्यार्थियों व अध्यापकों को अकादमिक खोज प्रोजैक्टों को और आगे बढ़ाने के लिए अधिक मौके प्रदान किए जाएंगे। इस समझौते के तहत अकादमिकता व खोज के अलावा फैकेल्टी-विद्यार्थी एक्सचेंज कार्यकम व इंग्लैंड में विद्यार्थियों के कैरियर के मौकों को और उत्साह मिलेगा। गुरु नानक देव यूनिवर्सिटी के वाइस चांसलर प्रोफैसर डा. जसपाल सिंह संधू वूलवरहैंपटन यूनिवर्सिटी के प्रो. वाइस चांसलर, टिम स्टील ने यह समझौता किया।

प्रो. संधू ने इस अकादमिक सांझेदारी के बारे में अपने विचार पेश करते हुए कहा कि यह हमारे लिए सम्मान की बात है कि भारत-ब्रिटेन की मजबूत सांझेदारी के लिए गुरु नानक देव यूनिवर्सिटी व वूलवरहैंपटन यूनिवर्सिटी इंगलैंड में यह समझौता हुआ है। उन्होने कहा कि गुरु नानक देव यूनिवर्सिटी भारत में एक प्रमुख श्रेणी-1 यूनिवर्सिटी है। उन्होंने कहा कि भारत के अगले दशकों में आर्थिक महाशक्ति बनने का अनुमान लगाया जा रहा है और भारत में उच्च शिक्षा प्रदान करने की जरूरत में भी इजाफा हो रहा है। गुरु नानक देव यूनिवर्सिटी इसे ध्यान में रखते हुए समय की जरूरत पर बदलाव व उद्योग की बदल रही मांग अनुसार देश के नौजवानों को उच्च शिक्षा उपलब्ध करवा रही है। उन्होंने कहा कि वूलवरहैंपटन यूनिवर्सिटी से यह समझौता स्किल इंडिया मिशन की सफलता हित में एक और मील पत्थर है।

प्रो. स्टीले ने अपने संदेश में कहा कि भारत उनका सबसे बड़ा विश्वव्यापी सांझेदार है और यह समझौता देश से हमारे संबंधों को और मजबूत करेगा। उन्होंने कहा कि यह सांझेदारी नए कारोबारों को विकसित करने में मदद करेगी और फैकेल्टी विद्यार्थी अनुभव व एक्सचेंज कार्यक्रम व खोज सहयोग में इजाफा होगा। यूनिवर्सिटी इंडस्ट्री लिंकेज कार्यक्रम के को-आर्डीनेटर डा. प्रीत महिंदर सिंह बेदी ने कहा कि इस समझौते से उच्च शिक्षा की दोनों संस्थाओं को आपसी तौर पर लाभ होगा। उन्होंने कहा कि इस समझौते अधीन अकादमिक कार्यक्रमों के विकास व खास तौर पर पंजाबी व सिख अध्ययन के संबंध में और कार्यक्रम जैसे कांफ्रैंस, वर्कशॉप, सैमीनार, शिक्षा भाषण के आदान-प्रदान के विकास में आपसी सहयोग करने के अलावा और सांझे तौर पर खोज प्रोजैक्ट शुरू करने शमिल हैं।

डा. बेदी ने यह भी बताया कि वूलवरहैंपटन यूनिवर्सिटी के वाइस चांसलर प्रो. लेअर व डा. उपिंदरजीत तखर के डायरैक्टर सैंटर फार सिख एंड पंजाबी स्टडीज, यूके ने फरवरी महीने में वाइस चांसलर प्रो. संधू से मुलाकात की थी और इस मुलाकात के दौरान ही उन्होंने दोनों यूनिवर्सिटियों में इस सहयोग का प्रस्ताव पेश किया था जिस संबंधी अब कार्य पूरा हुआ है।

अमृतसर सवेरा Thu, 17 October 2019
dainiksaveratimes.epapr.in/c/44765637

# ਯੂਨੀਵਰਸਿਟੀਆਂ ਵਿਚਾਲੇ ਹੋਇਆ ਸਮਝੌਤਾ

**ਪੱਤਰ ਪ੍ਰੇਰਕ, ਅੰਮ੍ਰਿਤਸਰ**

ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਵੁਲਵਰਹੈਂਪਟਨ ਯੂਨੀਵਰਸਿਟੀ, ਇੰਗਲੈਂਡ ਵਿਚਕਾਰ ਇਕ ਅਹਿਮ ਸਮਝੌਤਾ ਹੋਇਆ, ਜਿਸ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅਕਾਦਮਿਕ ਖੋਜ ਪ੍ਰਾਜੈਕਟਾਂ ਨੂੰ ਹੋਰ ਅੱਗੇ ਵਧਾਉਣ ਲਈ ਵਧੇਰੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਸਮਝੌਤੇ ਅਧੀਨ ਅਕਾਦਮਿਕਤਾ ਤੇ ਖੋਜ ਤੋਂ ਇਲਾਵਾ ਫੈਕਲਟੀ ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਤੇ ਇੰਗਲੈਂਡ 'ਚ ਵਿਦਿਆਰਥੀਆਂ ਦੇ ਕਰੀਅਰ ਦੇ ਮੌਕਿਆਂ ਨੂੰ ਹੋਰ ਉਤਸ਼ਾਹ ਮਿਲੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਜਸਪਾਲ ਸਿੰਘ ਸੰਧੂ ਵੁਲਵਰਹੈਂਪਟਨ ਯੂਨੀਵਰਸਿਟੀ ਦੇ ਪ੍ਰੋ. ਵਾਈਸ ਚਾਂਸਲਰ, ਟਿਮ ਸਟੀਲ ਨੇ ਇਹ ਸਮਝੌਤਾ ਕੀਤਾ।


ਪ੍ਰੋਫੈਸਰ ਸੰਧੂ ਨੇ ਕਿਹਾ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ-ਬ੍ਰਿਟੇਨ ਦੀ ਮਜ਼ਬੂਤ ਸਾਂਝੇਦਾਰੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਵੁਲਵਰਹੈਂਪਟਨ ਯੂਨੀਵਰਸਿਟੀ ਇੰਗਲੈਂਡ ਵਿਚਕਾਰ ਇਹ ਸਮਝੌਤਾ ਹੋਇਆ ਹੈ। ਉਨ੍ਹਾਂ ਕਿਹਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਰਤ 'ਚ ਇਕ ਪ੍ਰਮੁੱਖ 'ਸ਼੍ਰੇਣੀ-1' ਯੂਨੀਵਰਸਿਟੀ ਹੈ। ਉਨ੍ਹਾਂ ਕਿਹਾ ਵੁਲਵਰਹੈਂਪਟਨ ਯੂਨੀਵਰਸਿਟੀ ਪਿਛਲੇ 180 ਸਾਲਾਂ ਤੋਂ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ ਤੇ ਇਸ ਸਾਂਝੇਦਾਰੀ ਦੇ ਨਾਲ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਪ੍ਰੋਗਰਾਮਾਂ ਨੂੰ ਸਾਡੇ ਕੈਂਪਸ 'ਚ ਲਿਆਉਣਗੇ। ਪ੍ਰੋਫੈਸਰ ਸਟੀਲੇ ਨੇ ਕਿਹਾ ਭਾਰਤ ਉਨ੍ਹਾਂ ਦਾ ਸਭ ਤੋਂ ਵੱਡਾ ਵਿਸ਼ਵਪੱਧਰੀ ਭਾਈਵਾਲ ਹੈ ਤੇ ਇਹ ਸਮਝੌਤਾ ਦੇਸ਼ ਨਾਲ ਸਾਡੇ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗਾ। ਯੂਨੀਵਰਸਿਟੀ ਇੰਡਸਟਰੀ ਲਿੰਕੇਜ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ ਨੇ ਦੱਸਿਆ ਵੁਲਵਰਹੈਂਪਟਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਲੇਅਰ ਤੇ ਡਾ. ਉਪਿੰਦਰਜੀਤ ਤੱਖਰ ਦੇ ਡਾਇਰੈਕਟਰ ਸੈਂਟਰ ਫਾਰ ਸਿੱਖ ਐਂਡ ਪੰਜਾਬੀ ਸਟੱਡੀਜ਼, ਯੂਕੇ ਨੇ ਫਰਵਰੀ ਮਹੀਨੇ 'ਚ ਵਾਈਸ ਚਾਂਸਲਰ ਪ੍ਰੋ. ਸੰਧੂ ਨਾਲ ਮੁਲਾਕਾਤ ਕੀਤੀ ਸੀ ਤੇ ਇਸ ਮੁਲਾਕਾਤ ਦੌਰਾਨ ਹੀ ਉਨ੍ਹਾਂ ਦੋਵਾਂ ਯੂਨੀਵਰਸਿਟੀਆਂ ਵਿਚਾਲੇ ਇਸ ਸਹਿਯੋਗ ਦਾ ਮਤਾ ਪੇਸ਼ ਕੀਤਾ ਸੀ ਜਿਸ ਸਬੰਧੀ ਹੁਣ ਕਾਰਜ ਪੂਰਨ ਹੋਇਆ ਹੈ।

NYOOOZ
My City My News

# MoU signed with UK varsity on academic research projects

https://www.nyoooz.com/news/amritsar/1409506/mou-signed-with-uk-varsity-on-academic-research-projects/

**Thursday | 17th October, 2019**




***Summary: The MoU was inked by Prof Jaspal Singh Sandhu, Vice-Chancellor, GNDU, and Tim Steele, Pro-Vice-Chancellor of the University of Wolverhampton. With this in mind, the GNDU has also been constantly updating and improving its quality education and research for the youth of the country and ever-changing industry requirements. The tie-up with the UK varsity is another milestone which GNDU has achieved on its journey to become the torchbearer for Skill India Mission. We are happy to sign MoU with GNDU and look forward to a long and fruitful collaboration with its different departments". Dr Preet Mohinder Singh Bedi, coordinator, university-industry linkage programme, said the MoU would mutually benefit the two centres of higher education.***

Amritsar, October 16 Guru Nanak Dev University and the University of Wolverhampton, England, have entered into an agreement to provide more opportunities for faculty members and students to pursue academic research projects, faculty-student exchange programmes and to explore career opportunities in England. The MoU was inked by Prof Jaspal Singh Sandhu, Vice-Chancellor, GNDU, and Tim Steele, Pro-Vice-Chancellor of the University of Wolverhampton. Speaking about the partnership, Prof Sandhu said, "It's a proud moment for us to collaborate with the University of Wolverhampton for strong Indo-UK partnership. Our university has been a leading "Category-I" university in India. With India being projected to become an economic superpower in next couple of decades owing to its rich demographic dividend, the requirement of quality education provider in India is also on a tremendous rise. With this in mind, the GNDU has also been constantly updating and improving its quality education and research for the youth of the country and ever-changing industry requirements. The tie-up with the UK varsity is another milestone which GNDU has achieved on its journey to become the torchbearer for Skill India Mission. The University of Wolverhampton has been providing quality education for the past 180 years and with this partnership we now hope to bring these internationally acclaimed and accepted programmes to our campus." Prof Steele, in his message, said, "India is one of their biggest global partners and this agreement will further strengthen our ties with the country. This partnership will focus on developing new business whilst enhancing the student and staff experience with exchange trips and research collaborations. We are happy to sign MoU with GNDU and look forward to a long and fruitful collaboration with its different departments". Prof Steele also applauded the efforts of GNDU's industry linkage cell. Dr Preet Mohinder Singh Bedi, coordinator, university-industry linkage programme, said the MoU would mutually benefit the two centres of higher education. He said the motive of this MoU was to cooperate on the development and articulation of academic programming and development of other mutually beneficial programmes such as organising joint conferences, workshops, seminars, exchange of scholarly information, particularly with regard to Punjabi and Sikh studies and undertaking joint research projects.

UNI
BREVITY ACCURACY SPEED
United News of India
India's Multi Lingual News Agency
Friday, Oct 18 2019 | Time 13:22 Hrs(IST)




**States »**

**North**

Posted at: Oct 16 2019 6:05PM

# Guru Nanak Dev University signs MOU with University of Wolverhampton

Amritsar, Oct 16 (UNI) (UNI) Guru Nanak Dev University and the University of Wolverhampton, England, have entered into an agreement to provide more opportunities for faculty members and students to pursue academic research projects, faculty-student exchange programmes and to explore career opportunities in England. The MoU was inked by Prof. Dr Jaspal Singh Sandhu, Vice-Chancellor, GNDU and Tim Steele, Pro-Vice-Chancellor of the University of Wolverhampton.

Commenting on the partnership Prof. (Dr.) Jaspal Singh Sandhu said, “It's a proud moment for us to collaborate with the University of Wolverhampton for strong Indo-UK partnership. Our university has been a leading “Category-I” university in India. With India being projected to become an economic superpower in next couple of decades owing to its rich demographic dividend, the requirement of quality education provider in India is also on a tremendous rise. With this in mind, GNDU has also been constantly updating and improving its quality education and research for the youth of the country and ever-changing industry requirements. The tie-up with the University of Wolverhampton is another milestone which GNDU has achieved on its journey to become the torchbearer for Skill India mission. The University of Wolverhampton has been providing quality education for the past 180 years and with this partnership we now hope to bring these internationally acclaimed and accepted programs to our Campus, he said. This collaboration would give our local community an access to global education, thereby giving them opportunities to compete worldwide.

Prof Steele, in his message said: “India is one of their biggest global partners and this agreement will further strengthen our ties with the country. This partnership will focus on developing new business whilst enhancing the student and staff experience with exchange trips and research collaborations. We are happy to sign MoU with Guru Nanak Dev University and look forward to a long and fruitful collaboration with its different departments”. Prof Steele also applauded the efforts of GNDU's University–Industry Linkage cell of GNDU.

UNI JS JW1805

# ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਵੁਲਵਰਹੈਂਪਟਨ ਯੂਨੀਵਰਸਿਟੀ ਵਿਚਕਾਰ ਕਰਾਰ

## ਅਕਾਦਮਿਕ ਖੋਜ ਪ੍ਰਾਜੈਕਟ; ਫੈਕਲਟੀ-ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਹੋਣਗੇ ਸ਼ੁਰੂ

ਅੰਮ੍ਰਿਤਸਰ, 16 ਅਕਤੂਬਰ (ਰੇਸ਼ਮ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਵੁਲਵਰਹੈਂਪਟਨ ਯੂਨੀਵਰਸਿਟੀ ਇੰਗਲੈਂਡ ਵਿਚਕਾਰ ਅੱਜ ਇਕ ਅਹਿਮ ਸਮਝੌਤਾ ਹੋਇਆ ਜਿਸ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅਕਾਦਮਿਕ ਖੋਜ ਪ੍ਰੋਜੈਕਟਾਂ ਨੂੰ ਹੋਰ ਅੱਗੇ ਵਧਾਉਣ ਲਈ ਵਧੇਰੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਸਮਝੌਤੇ ਅਧੀਨ ਅਕਾਦਮਿਕਤਾ ਅਤੇ ਖੋਜ ਤੋਂ ਇਲਾਵਾ ਫੈਕਲਟੀ-ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਤੇ ਇੰਗਲੈਂਡ ਵਿਚ ਵਿਦਿਆਰਥੀਆਂ ਦੇ ਕੈਰੀਅਰ ਦੇ ਮੌਕਿਆਂ ਨੂੰ ਹੋਰ ਉਤਸ਼ਾਹ ਮਿਲੇਗਾ। ਇਹ ਪ੍ਰਗਟਾਵਾ ਗੁਰੂ ਨਾਨਕ ਦੇਵ 'ਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਡਾ. ਜਸਪਾਲ ਸਿੰਘ ਸੰਧੂ ਨੇ ਕਰਦਿਆਂ ਦੱਸਿਆ ਕਿ ਵੁਲਵਰਹੈਂਪਟਨ ਯੂਨੀਵਰਸਿਟੀ ਦੇ ਪ੍ਰੋ-ਉਪ ਕੁਲਪਤੀ ਟਿਮ ਸਟੀਲ ਨੇ ਇਸ ਸਬੰਧੀ ਕਰਾਰ ਕੀਤਾ ਹੈ। ਪ੍ਰੋਫੈਸਰ ਸਟੀਲੇ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਭਾਰਤ ਉਨ੍ਹਾਂ ਦਾ ਸਭ ਤੋਂ ਵੱਡਾ ਵਿਸ਼ਵਵਿਆਪੀ ਭਾਈਵਾਲ ਹੈ ਅਤੇ ਇਹ ਸਮਝੌਤਾ ਦੇਸ਼ ਨਾਲ ਸਾਡੇ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਇਹ ਸਾਂਝੇਦਾਰੀ ਨਵੇਂ ਕਾਰੋਬਾਰਾਂ ਨੂੰ ਵਿਕਸਤ ਕਰਨ ਵਿਚ ਮਦਦ ਕਰੇਗੀ ਅਤੇ ਫੈਕਲਟੀ-ਵਿਦਿਆਰਥੀ ਅਨੁਭਵ ਅਤੇ ਐਕਸਚੇਂਜ ਪ੍ਰੋਗਰਾਮ ਅਤੇ ਖੋਜ ਸਹਿਯੋਗ ਵਿਚ ਵਾਧਾ ਹੋਵੇਗਾ। ਯੂਨੀਵਰਸਿਟੀ ਇੰਡਸਟਰੀ ਲਿੰਕੇਜ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ ਨੇ ਕਿਹਾ ਕਿ ਇਸ ਸਮਝੌਤੇ ਨਾਲ ਉੱਚ ਸਿੱਖਿਆ ਦੀਆਂ ਦੋਵਾਂ ਸੰਸਥਾਵਾਂ ਨੂੰ ਆਪਸੀ ਤੌਰ 'ਤੇ ਲਾਭ ਹੋਵੇਗਾ।

ਅਜੀਤ ®©
17-Oct-2019
Page: 11
http://epaper.ajitjalandhar.com/edition/20191017/6/11.cms

# ਜੀਐੱਨਡੀਯੂ ਤੇ ਵੁਲਵਰਹੈਂਪਟਨ ਯੂਨੀਵਰਸਿਟੀ ਵਿਚਾਲੇ ਸਮਝੌਤਾ

**ਪੱਤਰ ਪ੍ਰੇਰਕ**

**ਅੰਮ੍ਰਿਤਸਰ, 16 ਅਕਤੂਬਰ**

ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਇੰਗਲੈਂਡ ਦੀ ਵੁਲਵਰ ਹੈਂਪਟਨ ਯੂਨੀਵਰਸਿਟੀ ਵਿਚਾਲੇ ਅੱਜ ਇਕ ਅਹਿਮ ਸਮਝੌਤਾ ਹੋਇਆ, ਜਿਸ ਤਹਿਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਕਾਦਮਿਕ ਖੋਜ ਪ੍ਰਾਜੈਕਟਾਂ ਨੂੰ ਹੋਰ ਅੱਗੇ ਵਧਾਉਣ ਲਈ ਵਧੇਰੇ ਮੌਕੇ ਮਿਲਣਗੇ। ਇਸ ਸਮਝੌਤੇ ਅਧੀਨ ਅਕਾਦਮਿਕ ਅਤੇ ਖੋਜ ਤੋਂ ਇਲਾਵਾ ਫੈਕਲਟੀ-ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਅਤੇ ਇੰਗਲੈਂਡ ਵਿੱਚ ਵਿਦਿਆਰਥੀਆਂ ਦੇ ਕਰੀਅਰ ਦੇ ਮੌਕਿਆਂ ਨੂੰ ਹੋਰ ਉਤਸ਼ਾਹ ਮਿਲੇਗਾ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋਫੈਸਰ ਡਾ. ਜਸਪਾਲ ਸਿੰਘ ਸੰਧੂ ਅਤੇ ਵੁਲਵਰ ਹੈਂਪਟਨ ਯੂਨੀਵਰਸਿਟੀ ਦੇ ਪ੍ਰੋ-ਵਾਈਸ-ਚਾਂਸਲਰ, ਟਿਮ ਸਟੀਲ ਨੇ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ। ਪ੍ਰੋਫੈਸਰ ਸੰਧੂ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਭਾਰਤ-ਬ੍ਰਿਟੇਨ ਦੀ ਮਜ਼ਬੂਤ ਭਾਈਵਾਲੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵੁਲਵਰ ਹੈਂਪਟਨ ਯੂਨੀਵਰਸਿਟੀ ਇੰਗਲੈਂਡ ਵਿਚਕਾਰ ਇਹ ਸਮਝੌਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਬਾਰੇ ਅਗਲੇ ਦਹਾਕਿਆਂ ਵਿਚ ਆਰਥਿਕ ਮਹਾਸ਼ਕਤੀ ਬਣਨ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵੁਲਵਰ ਹੈਂਪਟਨ ਯੂਨੀਵਰਸਿਟੀ ਨਾਲ ਇਹ ਸਮਝੌਤਾ ਸਕਿਲ ਇੰਡੀਆ ਮਿਸ਼ਨ ਦੀ ਸਫਲਤਾ ਹਿਤ ਇਕ ਹੋਰ ਮੀਲ ਪੱਥਰ ਹੈ। ਪ੍ਰੋਫੈਸਰ ਸਟੀਲ ਨੇ ਕਿਹਾ ਕਿ ਇਹ ਸਮਝੌਤਾ ਭਾਰਤ ਨਾਲ ਸਾਡੇ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗਾ।

ਪੰਜਾਬੀ ਟ੍ਰਿਬਿਊਨ
ਮਾਝਾ-ਦੋਆਬਾ
Thu, 17 October 2019
https://epaper.punjabitril

# ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵੂਲਵਰਹੈਂਪਟਨ ਯੂਨੀਵਰਸਿਟੀ ਵਿਚਕਾਰ ਸਮਝੌਤਾ

ਅੰਮ੍ਰਿਤਸਰ, 16 ਅਕਤੂਬਰ (ਸੰਜੀਵ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵੂਲਵਰਹੈਂਪਟਨ ਯੂਨੀਵਰਸਿਟੀ, ਇੰਗਲੈਂਡ ਵਿਚਕਾਰ ਅੱਜ ਇਕ ਅਹਿਮ ਸਮਝੌਤਾ ਹੋਇਆ। ਇਸ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਕਾਦਮਿਕ ਖੋਜ ਪ੍ਰਾਜੈਕਟਾਂ ਨੂੰ ਹੋਰ ਅੱਗੇ ਵਧਾਉਣ ਲਈ ਵਧੇਰੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਸਮਝੌਤੇ ਅਧੀਨ ਅਕਾਦਮਿਕਤਾ ਅਤੇ ਖੋਜ ਤੋਂ ਇਲਾਵਾ ਫੈਕਲਟੀ-ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਅਤੇ ਇੰਗਲੈਂਡ ਵਿਚ ਵਿਦਿਆਰਥੀਆਂ ਦੇ ਕਰੀਅਰ ਦੇ ਮੌਕਿਆਂ ਨੂੰ ਹੋਰ ਉਤਸ਼ਾਹ ਮਿਲੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਜਸਪਾਲ ਸਿੰਘ ਸੰਧੂ ਅਤੇ ਵੂਲਵਰਹੈਂਪਟਨ ਯੂਨੀਵਰਸਿਟੀ ਦੇ ਪ੍ਰੋ-ਵਾਈਸ-ਚਾਂਸਲਰ ਟਿਮ ਸਟੀਲ ਨੇ ਇਹ ਸਮਝੌਤਾ ਕੀਤਾ।

ਜਗ ਬਾਣੀ
Thu, 17 Octob
https://jagba